# ਬੀਰ - ਕਾਵਿ ਜਮਾਤ ਦਸਵੀਂ

## 1. { ਗੁਰੂ ਗੋਬਿੰਦ ਸਿੰਘ ਜੀ }

## ਚੰਡੀ ਦੀ ਵਾਰ

**(ੳ) ਚੋਟ ਪਈ ਦਮਾਮੇ ਦਲਾਂ ਮੁਕਾਬਲਾ ॥**
**ਦੇਵੀ ਦਸਤ ਨਚਾਈ ਸੀਹਣਿ ਸਾਰ ਦੀ ॥**
**ਪਟ ਮਲੰਦੇ ਲਾਈ ਮਹਿਖੇ ਦੈਂਤ ਨੇ ॥**
**ਗੁਰਦੇ ਆਂਦਾ ਖਾਈ ਨਾਲੇ ਰੁੱਕੜੇ ॥**
**ਜੇਹੀ ਦਿਲ ਵਿਚ ਆਈ ਕਹੀ ਸੁਣਾਇ ਕੇ ॥**
**ਚੋਟੀ ਜਾਣੁ ਦਿਖਾਈ ਤਾਰੇ ਧੂਮਕੇਤ ॥**

**ਪ੍ਰਸ਼ਨ 1. ਉੱਪਰ ਦਿੱਤੇ ਕਾਵਿ - ਟੋਟੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ।**

ਉੱਤਰ - ਪ੍ਰਸੰਗ- ਇਹ ਕਾਵਿ – ਟੋਟਾ ਪੰਜਾਬੀ ਪਾਠ – ਪੁਸਤਕ 'ਸਾਹਿਤ – ਮਾਲਾ' ਵਿੱਚ ਦਰਜ " ਚੰਡੀ ਦੀ ਵਾਰ" , ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ' ਵਿੱਚੋਂ ਲਿਆ ਗਿਆ ਹੈ । ਇਸ ਵਾਰ ਵਿੱਚ ਗੁਰੂ ਜੀ ਨੇ ਦੁਰਗਾ ਦੇਵੀ ਦੀ ਅਗਵਾਈ ਵਿੱਚ ਲੜ ਰਹੇ ਦੇਵਤਿਆਂ ਦੇ ਰਾਕਸ਼ਾਂ ਨਾਲ ਹੋਏ ਯੁੱਧ ਦੀ ਮਿਥਿਹਾਸਿਕ ਯੁੱਧ ਦੀ ਕਹਾਣੀ ਨੂੰ ਬਿਆਨ ਕੀਤਾ ਹੈ । ਇਨ੍ਹਾਂ ਸਤਰਾਂ ਵਿੱਚ ਦੁਰਗਾ ਦੇਵੀ ਦੁਆਰਾ ਮਹਿਖਾਸੁਰ ਦੈਂਤ ਉੱਪਰ ਕੀਤੇ ਤਲਵਾਰ ਦੇ ਇਕ ਮਾਰੂ ਵਾਰ ਦਾ ਜ਼ਿਕਰ ਹੈ ।

ਵਿਆਖਿਆ – ਜੰਗ ਦੇ ਮੈਦਾਨ ਵਿੱਚ ਨਗਾਰਿਆਂ 'ਤੇ ਚੋਟਾਂ ਪਈਆਂ । ਦੁਰਗਾ ਦੇਵੀ ਤੇ ਰਾਕਸ਼ਾਂ ਦੇ ਦਲਾਂ ਵਿੱਚਕਾਰ ਟਾਕਰਾ ਹੋਣ ਲੱਗਾ । ਦੁਰਗਾ ਦੇਵੀ ਨੇ ਲੋਹੇ ਦੀ ਸ਼ੇਰਨੀ ਭਾਵ ਤਲਵਾਰ ਹੱਥ ਵਿੱਚ ਫੜ ਕੇ ਦੁਸ਼ਮਣਾਂ ਵਿਰੁੱਧ ਚਲਾਈ ਦੁਰਗਾ ਦੇਵੀ ਨੇ ਤਲਵਾਰ ਰਾਕਸ਼ਾਂ ਦੇ ਸਰਦਾਰ ਮਹਿਖੇ ਦੈਂਤ ਦੇ ਢਿੱਡ ਵਿੱਚ ਮਾਰੀ ਤੇ ਉਹ ਢਿੱਡ ਨੂੰ ਮਲਣ ਲੱਗਾ । ਉਸ ਤਲਵਾਰ ਦੇ ਵਾਰ ਨੇ ਮਹਿਖੇ ਦੈਂਤ ਦੇ ਗੁਰਦਿਆਂ , ਆਂਦਰਾਂ ਤੇ ਪਸਲੀਆਂ ਨੂੰ ਵੱਢ ਦਿੱਤਾ । ਦੁਰਗਾ ਦੇਵੀ ਨੇ ਮਹਿਖਾਸੁਰ ਨੂੰ ਜ਼ਖ਼ਮੀ ਕਰ ਕੇ ਉਸ ਨੂੰ ਜੋ ਦਿਲ ਵਿੱਚ ਆਈ ਕਹਿ ਸੁਣਾਈ । ਦੁਰਗਾ ਦੇਵੀ ਦੀ ਤਲਵਾਰ ਦੇ ਇਸ ਵਾਰ ਨੇ ਮਹਿਖੇ

ਦੈਂਤ ਨੂੰ ਬੋਦੀ ਵਾਲੇ ਤਾਰੇ ਦੀ ਬੋਦੀ ਦਿਖਾ ਦਿੱਤੀ ਤੇ ਇਸ ਬਦਸ਼ਗਨੀ ਨੇ ਉਸ ਨੂੰ ਵਾਪਰਨ ਵਾਲੀ ਹੋਣੀ ਤੋਂ ਜਾਣੂ ਕਰਾ ਦਿੱਤਾ , ਅਰਥਾਤ ਉਸ ਨੂੰ ਦੱਸ ਦਿੱਤਾ ਕਿ ਉਸ ਦੀ ਮੌਤ ਨੇੜੇ ਹੈ ।

**(ਅ) ਚੋਟਾ ਪਵਨ ਨਗਾਰੇ ਅਣੀਆਂ ਜੁੱਟੀਆਂ ॥**

**ਧੂਹ ਲਈਆਂ ਤਰਵਾਰੀ ਦੇਵਾਂ ਦਾਨਵੀਂ ॥**

**ਵਾਹਨ ਵਾਰੋ ਵਾਰੀ ਸੂਰੇ ਸੰਘਰੇ ॥**

**ਵਗੇ ਰੱਤੁ ਝੁਲਾਰੀ ਜਿਉਂ ਗੁਰੂ ਬਾਬੁਤ੍ਰਾ ॥**

**ਵੇਖਨ ਬੈਠ ਅਟਾਰੀ ਨਾਰੀ ਰਾਕਸ਼ਾਂ ॥**

**ਪਾਈ ਧੂਮ ਸਵਾਰੀ ਦੁਰਗਾ ਦਾਨਵੀਂ ॥**

**ਪ੍ਰਸ਼ਨ 2. ਉਪਰੋਕਤ ਕਾਵਿ - ਟੋਟੇ ਦਾ ਪ੍ਰਸੰਗ ਦੱਸ ਕੇ ਵਿਆਖਿਆ ਕਰੋ ।**

ਉੱਤਰ -ਪ੍ਰਸੰਗ -- ਇਹ ਕਾਵਿ -ਟੋਟਾ ਪੰਜਾਬੀ ਪਾਠ – ਪੁਸਤਕ ' ਸਾਹਿਤ - ਮਾਲਾ ' ਵਿੱਚ ਦਰਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ "ਚੰਡੀ ਦੀ ਵਾਰ" ਵਿੱਚੋਂ ਲਿਆ ਗਿਆ ਹੈ । ਇਸ ਵਾਰ ਵਿੱਚ ਗੁਰੂ ਜੀ ਨੇ ਮਿਥਿਹਾਸਿਕ ਯੁੱਧ ਨੂੰ ਬਿਆਨ ਕੀਤਾ ਹੈ । ਇਨ੍ਹਾਂ ਸਤਰਾਂ ਵਿੱਚ ਦੁਰਗਾ ਦੇਵੀ ਅਤੇ ਰਾਕਸ਼ਾਂ ਵਿਚਕਾਰ ਮਚੀ ਭਿਆਨਕ ਮਾਰ - ਵੱਢ ਦਾ ਜ਼ਿਕਰ ਹੈ ।

ਵਿਆਖਿਆ - ਜੰਗ ਦੇ ਮੈਦਾਨ ਵਿੱਚ ਨਗਾਰਿਆਂ 'ਤੇ ਚੋਟਾਂ ਪੈ ਰਹੀਆਂ ਸਨ । ਦੋਹਾਂ ਧਿਰਾਂ ਦੁਆਰਾ ਚਲ ਰਹੇ ਤਿੱਖੇ ਤੇ ਮਾਰੂ ਹਥਿਆਰਾਂ ਦੀਆਂ ਤਿੱਖੀਆਂ ਨੋਕਾਂ ਆਪਸ ਵਿੱਚ ਭਿੜ ਰਹੀਆਂ ਸਨ । ਦੇਵਤਿਆਂ ਤੇ ਰਾਕਸ਼ਾਂ ਨੇ ਆਹਮੋ - ਸਾਹਮਣੇ ਤਲਵਾਰਾਂ ਧੂਹ ਲਈਆਂ ਤੇ ਦੋਹਾਂ ਪਾਸਿਆਂ ਦਿਆਂ ਸੂਰਮੇ ਵਾਰੋ - ਵਾਰੀ ਇਕ - ਦੂਜੇ ਉੱਪਰ ਤਲਵਾਰਾਂ ਦੇ ਵਾਰ ਕਰ ਕੇ ਯੁੱਧ ਦੇ ਮੈਦਾਨ ਵਿੱਚ ਤਣ ਗਏ ਸਨ । ਜੰਗ ਦੇ ਮੈਦਾਨ ਵਿੱਚ ਜ਼ਖਮੀਆਂ ਦੇ ਸਰੀਰਾਂ ਵਿੱਚੋਂ ਗੇਰੂ - ਰੰਗਾ ਲਹੂ ਇਸ ਤਰ੍ਹਾਂ ਵਗ ਰਿਹਾ ਸੀ , ਜਿਸ ਤਰ੍ਹਾਂ ਖੂਹ ਦੇ ਪਾੜਛੇ ਵਿੱਚੋਂ ਪਾਣੀ ਡਿਗਦਾ ਹੈ । ਰਾਕਸ਼ਾਂ ਦੀਆਂ ਪਤਨੀਆਂ ਮਹੱਲਾਂ ਵਿੱਚ ਬੈਠ ਕੇ ਲੜਾਈ ਦਾ ਰੁਖ਼ ਵੇਖ ਰਹੀਆਂ ਸਨ । ਜੰਗ ਦੇ ਮੈਦਾਨ ਵਿੱਚ ਦੁਰਗਾ ਦੇਵੀ ਦੀ ਸ਼ੇਰ ਦੀ ਸਵਾਰੀ ਨੇ ਰਾਕਸ਼ਾਂ ਵਿੱਚ ਬੜੀਆਂ ਧੁੰਮਾਂ ਪਾ ਦਿੱਤੀਆਂ ਸਨ।

**(ੲ) ਲੱਖ ਨਗਾਰੇ ਵੱਜਣ ਆਹਮੋ ਸਾਹਮਣੇ ||**

**ਰਾਕਸ਼ ਰਣੋ ਨਾ ਭੱਜਣ ਰੋਹੇ ਰੋਹਲੇ ॥**

**ਸ਼ੀਹਾਂ ਵਾਂਗੂ ਗੱਜਣ ਸਭੇ ਸੂਰਮੇ ॥**

**ਤਣਿ ਤਣਿ ਕੈਬਰ ਛੱਡਣ ਦੁਰਗਾ ਸਾਹਮਣੇ ॥**

**ਪ੍ਰਸ਼ਨ 3. ਉਪਰੋਕਤ ਕਾਵਿ - ਟੋਟੇ ਦਾ ਪ੍ਰਸੰਗ ਦੱਸ ਕੇ ਵਿਆਖਿਆ ਕਰੋ ।**

ਉੱਤਰ - ਪ੍ਰਸੰਗ - ਇਹ ਕਾਵਿ – ਟੋਟਾ ਪੰਜਾਬੀ ਪਾਠ – ਪੁਸਤਕ ' ਸਾਹਿਤ – ਮਾਲਾ' ਵਿੱਚ ਦਰਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ " ਚੰਡੀ ਦੀ ਵਾਰ " ਵਿੱਚੋਂ ਲਿਆ ਗਿਆ ਹੈ । ਇਸ ਵਾਰ ਵਿੱਚ ਗੁਰੂ ਜੀ ਨੇ ਦੁਰਗਾ ਦੇਵੀ ਦੀ ਅਗਵਾਈ ਵਿੱਚ ਲੜਦੇ ਦੇਵਤਿਆਂ ਦੇ ਰਾਕਸ਼ਾਂ ਨਾਲ ਹੋਏ ਮਿਥਿਹਾਸਿਕ ਯੁੱਧ ਦਾ ਵਰਣਨ ਕੀਤਾ ਹੈ । ਇਨ੍ਹਾਂ ਸਤਰਾਂ ਵਿੱਚ ਗੁਰੂ ਜੀ ਨੇ ਰਾਕਸ਼ਾਂ ਦੀ ਬਹਾਦਰੀ ਨੂੰ ਚਿਤਰਿਆ ਹੈ ।

ਵਿਆਖਿਆ - ਲੱਖਾਂ ਨਗਾਰੇ ਮੈਦਾਨ ਵਿੱਚ ਆਹਮੋ – ਸਾਹਮਣੇ ਵੱਜ ਰਹੇ ਸਨ । ਗੁੱਸੇ ਨਾਲ ਭਰੇ ਹੋਏ ਰਾਕਸ਼ ਦੁਰਗਾ ਦੇਵੀ ਸਾਹਮਣੇ ਜੰਗ ਦੇ ਮੈਦਾਨ ਵਿੱਚ ਡਟੇ ਹੋਏ ਸਨ ਤੇ ਦੁਰਗਾ ਦੇਵੀ ਦਾ ਬਹਾਦਰੀ ਨਾਲ ਟਾਕਰਾ ਕਰ ਰਹੇ ਸਨ । ਉਹ ਮੈਦਾਨ ਵਿੱਚੋਂ ਪਿੱਛੇ ਨਹੀਂ ਸਨ ਹਟ ਰਹੇ । ਸਾਰੇ ਰਾਕਸ਼ ਸੂਰਮੇ ਸ਼ੇਰਾਂ ਵਾਂਗ ਗੱਜ ਰਹੇ ਸਨ ਤੇ ਵਧ – ਵਧ ਕੇ ਦੁਰਗਾ ਦੇਵੀ ਉੱਤੇ ਹਮਲੇ ਕਰ ਰਹੇ ਸਨ । ਉਹ ਸਾਰਾ ਜ਼ੋਰ ਲਾ – ਲਾ ਨੇ ਦੁਰਗਾ ਦੇਵੀ ਵਲ ਤੀਰ ਛੱਡ ਰਹੇ ਸਨ ਅਤੇ ਉਸ ਨੂੰ ਪਛਾੜਨ ਦਾ ਯਤਨ ਕਰ ਰਹੇ ਸਨ ।

**(ਸ) ਉਖਲੀਆਂ ਨਾਸਾਂ ਜਿਨਾ ਮੁਹਿ ਜਾਪਨ ਆਲੇ ॥**

**ਧਾਏ ਦੇਵੀ ਸਾਹਮਣੇ ਬੀਰ ਮੁਛਲੀਆਲੇ ॥**

**ਸੁਰਪਤ ਜੇਹੇ ਲੜ ਹਟੇ ਬੀਰ ਟਲੇ ਨਾ ਟਾਲੇ ॥**

**ਗੱਜੇ ਦੁਰਗਾ ਘੇਰਿ ਕੈ ਜਣੁ ਘਣੀਅਰ ਕਾਲੇ ॥**

**ਪ੍ਰਸ਼ਨ 4.ਉਪਰੋਕਤ ਕਾਵਿ–ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ ।**

ਉੱਤਰ - ਪ੍ਰਸੰਗ - ਇਹ ਕਾਵਿ – ਟੋਟਾ ਪੰਜਾਬੀ ਪਾਠ - ਪੁਸਤਕ ' ਸਾਹਿਤ - ਮਾਲਾ ' ਵਿੱਚ ਦਰਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ '' ਚੰਡੀ ਦੀ ਵਾਰ" ਵਿੱਚੋਂ ਲਿਆ ਗਿਆ ਹੈ ।

ਇਸ ਵਾਰ ਵਿੱਚ ਗੁਰੂ ਜੀ ਨੇ ਦੁਰਗਾ ਦੇਵੀ ਦੀ ਅਗਵਾਈ ਵਿੱਚ ਲੜਦੇ ਦੇਵਤਿਆਂ ਦੇ ਰਾਕਸ਼ਾਂ ਨਾਲ ਹੋਏ ਮਿਥਿਹਾਸਿਕ ਯੁੱਧ ਦਾ ਵਰਣਨ ਕੀਤਾ ਹੈ । ਇਨ੍ਹਾਂ ਸਤਰਾਂ ਵਿੱਚ ਗੁਰੂ ਜੀ ਨੇ ਰਾਕਸ਼ਾਂ ਦੀ ਬਹਾਦਰੀ ਨੂੰ ਚਿਤਰਿਆ ਹੈ ।

ਵਿਆਖਿਆ - ਲੜਾਈ ਦੇ ਮੈਦਾਨ ਵਿੱਚ ਲੜ ਰਹੇ ਰਾਕਸ਼ਾਂ ਦੀਆਂ ਨਾਸਾਂ ਉੱਖਲੀਆਂ ਵਰਗੀਆਂ ਸਨ ਅਤੇ ਮੂੰਹ ਆਲਿਆਂ ਵਰਗੇ ਖੁੱਲ੍ਹੇ ਸਨ । ਮੁੱਛਾਂ ਵਾਲੇ ਯੋਧੇ ਰਾਕਸ਼ਾਂ ਨੇ ਦੁਰਗਾ ਦੇਵੀ ਉੱਪਰ ਜ਼ੋਰਦਾਰ ਹਮਲਾ ਕੀਤਾ । ਉਨ੍ਹਾਂ ਨਾਲ ਇੰਦਰ ਵਰਗੇ ਦੇਵਤੇ ਲੜ - ਲੜ ਕੇ ਥੱਕ ਗਏ , ਪਰ ਰਾਕਸ਼ ਪਿੱਛੇ ਨਾ ਹਟੇ । ਉਹ ਦੁਰਗਾ ਦੇਵੀ ਨੂੰ ਘੇਰ ਕੇ ਗੁੱਸੇ ਨਾਲ ਏਦਾਂ ਗੱਜੇ , ਜਿਵੇਂ ਬੱਦਲ ਗੱਜ ਰਹੇ ਹੋਣ ।

**(ਹ) ਚੋਟ ਪਈ ਖਰਚਾਮੀ ਦਲਾਂ ਮੁਕਾਬਲਾ ॥**

**ਘੇਰ ਲਈ ਵਰਿਆਮੀ ਦੁਰਗਾਂ ਆਇਕੈ ॥**

**ਰਾਕਸ਼ ਵੱਡੇ ਅਲਾਮੀ ਭੱਜ ਨ ਜਾਣਦੇ ॥**

**ਅੰਤ ਹੋਏ ਸੁਰਗਾਮੀ ਮਾਰੇ ਦੇਵਤਾ ॥**

**ਪ੍ਰਸ਼ਨ 5. ਉਪਰੋਕਤ ਕਾਵਿ - ਟੋਟੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ।**

ਉੱਤਰ - ਪ੍ਰਸੰਗ - ਇਹ ਕਾਵਿ - ਟੋਟਾ ਪੰਜਾਬੀ ਪਾਠ-ਪੁਸਤਕ ਸਾਹਿਤ - ਮਾਲਾ ਵਿੱਚ ਦਰਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ‘ ਚੰਡੀ ਦੀ ਵਾਰ ਵਿੱਚੋਂ ਲਿਆ ਗਿਆ ਹੈ । ਇਸ ਵਾਰ ਵਿੱਚ ਗੁਰੂ ਜੀ ਨੇ ਦੁਰਗਾ ਦੇਵੀ ਦੀ ਅਗਵਾਈ ਵਿੱਚ ਲੜਦੇ ਦੇਵਤਿਆਂ ਦੇ ਰਾਕਸ਼ਾਂ ਨਾਲ ਹੋਏ ਮਿਥਿਹਾਸਿਕ ਯੁੱਧ ਦਾ ਵਰਣਨ ਕੀਤਾ ਹੈ । ਇਨ੍ਹਾਂ ਸਤਰਾਂ ਵਿੱਚ ਗੁਰੂ ਜੀ ਨੇ ਰਾਕਸ਼ਾਂ ਦੀ ਬਹਾਦਰੀ ਨੂੰ ਚਿਤਰਿਆ ਹੈ ।

ਵਿਆਖਿਆ - ਜੰਗ ਦੇ ਮੈਦਾਨ ਵਿੱਚ ਖੋਤੇ ਦੇ ਚੰਮ ਨਾਲ ਮੜੇ ਨਗਾਰਿਆਂ ਉੱਪਰ ਚੋਟਾਂ ਪਈਆਂ ਤੇ ਦੋਹਾਂ ਧਿਰਾਂ ਵਿੱਚ ਮੁਕਾਬਲਾ ਹੋਣ ਲੱਗਾ । ਬਹਾਦਰ ਰਾਕਸ਼ਾਂ ਨੇ ਦੁਰਗਾ ਦੇਵੀ ਨੂੰ ਘੇਰਾ ਪਾ ਲਿਆ । ਰਾਕਸ਼ , ਜੋ ਕਿ ਭਾਰੀ ਯੋਧੇ ਹਨ , ਮੈਦਾਨ ਵਿੱਚੋਂ ਭੱਜਣਾ ਨਹੀਂ ਸਨ ਜਾਣਦੇ । ਉਹ

ਦੁਰਗਾ ਦੇਵੀ ਵਿਰੁੱਧ ਯੁੱਧ ਲਈ ਡਟ ਗਏ । ਦੁਰਗਾ ਦੇਵੀ ਨੇ ਟਾਕਰਾ ਕਰ ਰਹੇ ਰਾਕਸ਼ਾਂ ਨੂੰ ਮਾਰ ਦਿੱਤਾ ਤੇ ਉਸ ਦੇ ਹੱਥੋਂ ਮਰ ਕੇ ਉਹ ਸਵਰਗਾਂ ਵਿੱਚ ਚਲੇ ਗਏ ।

**ਕ ) ਦੁਹਾਂ ਕੰਧਾਰਾਂ ਮੁਹਿ ਜੁੜੇ ਦਲ ਘੁਰੇ ਨਗਾਰੇ ॥ )**

**ਓਰੜ ਆਏ ਸੂਰਮੇ ਸਿਰਦਾਰ ਰਣਿਆਰੇ ॥**

**ਲੈ ਕੇ ਤੇਗਾਂ ਬਰਛੀਆਂ ਹਥਿਆਰ ਉਭਾਰੇ ॥**

**ਟੋਪ ਪਟੇਲਾ ਪਾਖਰਾਂ ਗਲਿ ਸੰਜ ਸਵਾਰੇ ॥**

**ਲੈ ਕੇ ਬਰਛੀ ਦੁਰਗਸ਼ਾਹ ਬਹੁ ਦਾਨਵ ਮਾਰੇ ॥**

**ਚੜੇ ਰਥੀ ਗਜ ਘੋੜਿਈਂ ਮਾਰ ਭੋਇ ਤੇ ਡਾਰੇ ॥**

**ਜਣੁ ਹਲਵਾਈ ਸੀਖ ਨਾਲ ਵਿੰਨ੍ਹ ਵੜੇ ਉਤਾਰੇ ॥**

**ਪ੍ਰਸ਼ਨ 6. ਉੱਪਰ ਦਿੱਤੇ ਕਾਵਿ - ਟੋਟੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ।**

ਉੱਤਰ – ਪ੍ਰਸੰਗ – ਇਹ ਕਾਵਿ – ਟੋਟਾ ਪੰਜਾਬੀ ਪਾਠ-ਪੁਸਤਕ ‘ ਸਾਹਿਤ – ਮਾਲਾ ‘ ਵਿੱਚ ਦਰਜ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ‘ ਚੰਡੀ ਦੀ ਵਾਰ ਵਿੱਚੋਂ ਲਿਆ ਗਿਆ ਹੈ । ਇਸ ਵਾਰ ਵਿੱਚ ਗੁਰੂ ਸਾਹਿਬ ਨੇ ਦੁਰਗਾ ਦੇਵੀ ਦੀ ਅਗਵਾਈ ਹੇਠ ਦੇਵਤਾ – ਫ਼ੌਜ ਦੀ ਦੈਂਤਾਂ ਨਾਲ ਲੜਾਈ ਦਾ ਵਰਣਨ ਕੀਤਾ ਹੈ । ਇਨ੍ਹਾਂ ਸਤਰਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਰਾਕਸ਼ਾਂ ਤੇ ਦੇਵਤਿਆਂ ਦੇ ਭਿਆਨਕ ਯੁੱਧ ਅਤੇ ਦੁਰਗਾ ਦੇਵੀ ਹੱਥੋਂ ਬਹੁਤ ਸਾਰੇ ਰਾਕਸ਼ਾਂ ਦੀ ਮੌਤ ਦਾ ਜ਼ਿਕਰ ਕੀਤਾ ਹੈ ।

<u>ਵਿਆਖਿਆ</u> – ਰਾਕਸ਼ਾਂ ਤੇ ਦੇਵਤਿਆਂ ਦੇ ਦੋਵੇਂ ਦਲ ਆਹਮੋ – ਸਾਹਮਣੇ ਹੋ ਕੇ ਯੁੱਧ ਕਰਨ ਲੱਗੇ । ਦੋਹਾਂ ਦਲਾਂ ਵਿੱਚ ਉੱਚੀ - ਉੱਚੀ ਨਗਾਰੇ ਵੱਜਣ ਲੱਗੇ । ਅਣਖੀਲੇ ਤੇ ਬਹਾਦਰ ਯੋਧੇ ਉੱਲਰ – ਉੱਲਰ ਕੇ ਹਮਲਾ ਕਰ ਰਹੇ ਸਨ। ਉਨ੍ਹਾਂ ਨੇ ਹੱਥਾਂ ਵਿੱਚ ਤਲਵਾਰਾਂ ਬਰਛੀਆਂ ਤੇ ਹੋਰ ਕਈ ਪ੍ਰਕਾਰ ਦੇ ਹਥਿਆਰਾਂ ਨੂੰ ਸੰਭਾਲਿਆ ਹੋਇਆ ਸੀ । ਉਹ ਸੂਰਮੇ ਟੋਪੀ , ਪਟੇਲਾਂ , ਘੋੜਿਆਂ ਦੀਆਂ ਕਾਠੀਆਂ ਤੇ ਗਲ ਵਿੱਚ ਸੰਜੋਆਂ ਨਾਲ ਸ਼ਿੰਗਾਰੇ ਹੋਏ ਸਨ । ਦੁਰਗਾ ਦੇਵੀ ਨੇ ਹੱਥ ਵਿੱਚ ਬਰਛੀ ਫੜ ਕੇ ਬਹੁਤ ਸਾਰੇ ਰਾਕਸ਼ਾਂ ਨੂੰ ਮਾਰਿਆ । ਉਸ ਨੇ ਬਹੁਤ ਸਾਰੇ ਸੂਰਮੇ ਮਾਰ - ਮਾਰ

ਕੇ ਧਰਤੀ ' ਤੇ ਸੁੱਟ ਦਿੱਤੇ । ਉਸ ਨੇ ਉਨ੍ਹਾਂ ਨੂੰ ਬਰਛੀ ਵਿੱਚ ਵਿੰਨ੍ਹ - ਵਿੰਨ੍ਹ ਕੇ ਇਸ ਤਰ੍ਹਾਂ ਮਾਰਿਆ , ਜਿਵੇਂ ਹਲਵਾਈ ਤਲੇ ਹੋਏ ਵੜੇ ਕੱਢਣ ਲਈ ਸੀਖ ਨਾਲ ਵਿੰਨ੍ਹਦਾ ਹੈ ।

**( ਖ ) ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲ ਧਉਸਾ ਭਾਰੀ ॥**

**ਲਈ ਭਗਉਤੀ ਦੁਰਗਸ਼ਾਹ ਵਰਜਾਗਣ ਭਾਰੀ ॥**

**ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ ॥**

**ਸੁੰਭ ਪਲਾਣੋ ਡਿਗਿਆ ਉਪਮਾ ਬੀਚਾਰੀ ॥**

**ਡੁਬ ਰੱਤੂ ਨਾਲਹੁ ਨਿਕਲੀ ਬਰਛੀ ਦੁਧਾਰੀ ॥**

**ਜਾਣ ਰਜਾਦੀ ਉਤਰੀ ਪੈਨ੍ਹ ਸੂਹੀ ਸਾਰੀ ॥**

**ਪ੍ਰਸ਼ਨ 7. ਉਪਰੋਕਤ ਕਾਵਿ - ਬੰਦ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ।**

**ਉੱਤਰ** - ਪ੍ਰਸੰਗ- ਇਹ ਕਾਵਿ – ਟੋਟਾ ਪੰਜਾਬੀ ਪਾਠ - ਪੁਸਤਕ ਸਾਹਿਤ -ਮਾਲਾ ਵਿੱਚ ਦਰਜ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ' ਚੰਡੀ ਦੀ ਵਾਰ ਵਿੱਚ ਲਿਆ ਗਿਆ ਹੈ । ਇਸ ਵਾਰ ਵਿੱਚ ਗੁਰੂ ਸਾਹਿਬ ਨੇ ਦੁਰਗਾ ਦੇਵੀ ਦੀ ਅਗਵਾਈ ਹੇਠ ਦੇਵਤਾ -ਫ਼ੌਜ ਦੀ ਦੈਂਤਾਂ ਨਾਲ ਲੜਾਈ ਦਾ ਵਰਣਨ ਕੀਤਾ ਹੈ , ਜਿਸ ਵਿੱਚ ਜਿੱਤ ਦੁਰਗਾ ਦੇਵੀ ਦੀ ਹੁੰਦੀ ਹੈ , ਜੋ ਪਿਛੋਂ ਇੰਦਰ ਦੇਵਤਾ ਨੂੰ ਰਾਜ - ਤਿਲਕ ਦੇ ਕੇ ਅਲੋਪ ਹੋ ਜਾਂਦੀ ਹੈ । ਇਨ੍ਹਾਂ ਸਤਰਾਂ ਵਿੱਚ ਦੁਰਗਾ ਦੇਵੀ ਹੱਥੋਂ ਰਾਕਸ਼ਾਂ ਦੇ ਰਾਜੇ ਸੁੰਭ ਦੀ ਮੌਤ ਦਾ ਜ਼ਿਕਰ ਹੈ ।

ਵਿਆਖਿਆ :- ਦੋਵੇਂ ਦਲ ਆਹਮੋ - ਸਾਹਮਣੇ ਹੋ ਲੜ ਰਹੇ ਸਨ ਤੇ ਭਾਰੀ ਧੌਂਸਾ ਵੱਜ ਰਿਹਾ ਸੀ । ਦੁਰਗਾ ਦੇਵੀ ਨੇ ਵਰ ਪ੍ਰਾਪਤ- ਭਾਰੀ ਤਲਵਾਰ ਫੜੀ ਤੇ ਰਾਜੇ ਸੁੰਭ ਦੇ ਅਜਿਹੀ ਮਾਰੀ ਕਿ ਉਸ ਨੇ ਉਸ ਦੀ ਰੱਤ ਪੀ ਲਈ । ਸੁੰਭ ਘੋੜੇ ਦੇ ਪਲਾਣ ਤੋਂ ਥੱਲੇ ਡਿੱਗ ਪਿਆ । ਲਹੂ ਨਾਲ ਲਿਬੜੀ ਹੋਈ ਦੁਧਾਰੀ ਤਲਵਾਰ ਦੇਖ ਕੇ ਗੁਰੂ ਸਾਹਿਬ ਉਪਮਾ ਦਿੰਦੇ ਹੋਏ ਕਹਿੰਦੇ ਹਨ ਕਿ ਇਹ ਇਸ ਤਰ੍ਹਾਂ ਜਾਪਦੀ ਸੀ , ਜਿਵੇਂ ਕੋਈ ਸ਼ਹਿਜ਼ਾਦੀ ਸੂਹੀ ਸਾੜ੍ਹੀ ਪਹਿਨ ਕੇ ਮਹੱਲ ਵਿੱਚ ਉੱਤਰੀ ਹੋਵੇ ।

**( ਗ ) ਦੁਰਗਾ ਅਤੇ ਦਾਨਵੀ ਭੇੜ ਪਾਇਆ ਸਬਾਹੀਂ ॥**

**ਸ਼ਸਤ੍ਰ ਪਜੂਤੇ ਦੁਰਗਸ਼ਾਹ ਗਹੁ ਸਭਨੀ ਬਾਹੀਂ ॥**

**ਸੁੰਭ ਨਿਸੁੰਭ ਸੰਘਾਰਿਆ ਵਥ ਜੇਹੇ ਸਾਹੀਂ ॥**

**ਫਉਜਾਂ ਰਾਕਸਿਆਰੀਆਂ ਦੇਖ ਰੋਵਨਿ ਧਾਹੀਂ ॥**

**ਮੁਹਿ ਕਚੇ ਘਾਹ ਦੇ ਛਡਿ ਘੋੜੇ ਰਾਹੀ ॥**

**ਭਜਦੇ ਹੋਇ ਮਾਰੀਅਨ ਮੁੜ ਝਾਕਨ ਨਾਹੀ ॥**

**ਪ੍ਰਸ਼ਨ 8. ਉਪਰੋਕਤ ਕਾਵਿ - ਟੋਟੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ।**

ਉੱਤਰ - ਪ੍ਰਸੰਗ :- ਇਹ ਕਾਵਿ – ਟੋਟਾ ਪੰਜਾਬੀ ਪਾਠ- ਪੁਸਤਕ ' ਸਾਹਿਤ - ਮਾਲਾ ' ਵਿੱਚ ਦਰਜ ਗੁਰੂ ਗੋਬਿੰਦ ਸਿੰਘ ਜੀ ਰਚਨਾ "ਚੰਡੀ ਦੀ ਵਾਰ" ਵਿੱਚੋਂ ਲਿਆ ਗਿਆ ਹੈ । ਇਸ ਵਾਰ ਵਿੱਚ ਗੁਰੂ ਸਾਹਿਬ ਨੇ ਦੁਰਗਾ ਦੇਵੀ ਦੀ ਅਗਵਾਈ ਹੇਠ ਦੇਵਤਾ - ਫ਼ੌਜ ਦੀ ਦੈਂਤਾਂ ਨਾਲ ਲੜਾਈ ਦਾ ਵਰਣਨ ਕੀਤਾ ਹੈ । ਇਨ੍ਹਾਂ ਸਤਰਾਂ ਵਿੱਚ ਦੁਰਗਾ ਦੇਵੀ ਹੱਥੋਂ ਸੁੰਭ ਤੇ ਨਿਸੁੰਭ ਦੀ ਮੌਤ ਪਿੱਛੋਂ ਹੋਈ ਰਾਕਸ਼ਾਂ ਦੀ ਹਾਰ ਦਾ ਵਰਣਨ ਹੈ।

ਵਿਆਖਿਆ :- ਦੁਰਗਾ ਦੇਵੀ ਅਤੇ ਰਾਕਸ਼ਾਂ ਦਾ ਸਵੇਰੇ – ਸਵੇਰੇ ਯੁੱਧ ਮਚ ਗਿਆ । ਦੁਰਗਾ ਦੇਵੀ ਜਿਸ ਦੇ ਬਹੁਤ ਸਾਰੇ ਹੱਥ ਤੇ ਬਾਂਹਾਂ ਸਨ , ਨੇ ਸਾਰੇ ਹੱਥਾਂ ਵਿੱਚ ਹਥਿਆਰ ਫੜੇ ਹੋਏ ਸਨ ਤੇ ਉਸ ਨੇ ਸੁੰਭ ਅਤੇ ਨਿਸੁੰਭ ਵਰਗੇ ਰਾਕਸ਼ਾਂ ਦੇ ਸਾਰੇ ਸੈਨਾਪਤੀਆਂ ਨੂੰ ਮਾਰ ਦਿੱਤਾ। ਆਪਣੇ ਰਾਜੇ ਸੁੰਭ ਨੂੰ ਮਰਿਆ ਦੇਖ ਕੇ ਰਾਕਸ਼ਾਂ ਦੀਆਂ ਫੌਜਾਂ ਧਾਹਾਂ ਮਾਰ - ਮਾਰ ਕੇ ਰੋ ਰਹੀਆਂ ਹਨ | ਬਚੇ ਹੋਏ ਦੈਂਤ ਘੋੜਿਆਂ ਨੂੰ ਛੱਡ ਕੇ ਮੂੰਹ ਵਿੱਚ ਘਾਹ ਦੇ ਤੀਲੇ ਪਾ ਕੇ ਦੌੜ ਗਏ । ਪਰ ਦੌੜੇ ਜਾਂਦੇ ਰਾਕਸ਼ ਵੀ ਮਾਰੇ ਜਾ ਰਹੇ ਸਨ ਤੇ ਉਹ ਦੌੜਦੇ - ਦੋੜਦੇ ਪਿੱਛੇ ਮੁੜ ਕੇ ਝਾਕਦੇ ਵੀ ਨਹੀਂ ਸਨ ।

**(ਘ) ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ ॥**

**ਇੰਦ੍ਰ ਸੱਦ ਬੁਲਾਇਆ ਰਾਜ ਅਭਖੇਖ ਨੋ ॥**

**ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੇ ॥**

**ਚਉਦਹ ਲੋਕਾਂ ਛਾਇਆ ਜਸੁ ਜਗਮਾਤ ਦਾ ||**

**ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥**

**ਫੇਰ ਨ ਜੂਨੀ ਆਇਆ ਜਿਨਿ ਏਹ ਗਾਇਆ ॥**

**ਪ੍ਰਸ਼ਨ 9. ਉਪਰੋਕਤ ਕਾਵਿ – ਟੋਟੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ।**

ਉੱਤਰ – ਪ੍ਰਸੰਗ – ਇਹ ਕਾਵਿ – ਟੋਟਾ ਪੰਜਾਬੀ ਪਾਠ-ਪੁਸਤਕ ' ਸਾਹਿਤ - ਮਾਲਾ ਵਿੱਚ ਦਰਜ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ "ਚੰਡੀ ਦੀ ਵਾਰ" ਵਿੱਚੋਂ ਲਿਆ ਗਿਆ ਹੈ । ਇਸ ਵਾਰ ਵਿੱਚ ਗੁਰੂ ਸਾਹਿਬ ਨੇ ਦੁਰਗਾ ਦੇਵੀ ਦੀ ਅਗਵਾਈ ਹੇਠ ਦੀ ਦੇਵਤਾ-ਫ਼ੌਜ ਦੀ ਦੈਂਤਾਂ ਨਾਲ ਲੜਾਈ ਦਾ

ਵਰਣਨ ਕੀਤਾ ਹੈ । ਇਨ੍ਹਾਂ ਸਤਰਾਂ ਵਿੱਚ ਰਾਕਸ਼ਾਂ ਦੀ ਹਾਰ ਪਿੱਛੋਂ ਇੰਦਰ ਦੇ ਰਾਜ – ਤਿਲਕ ਦੀ ਘਟਨਾ ਤੇ ਦੁਰਗਾ ਦੇਵੀ ਦੀ ਇਸ ਵਾਰ ਦੇ ਮਹੱਤਵ ਨੂੰ ਬਿਆਨ ਕੀਤਾ ਗਿਆ ਹੈ ।

ਵਿਆਖਿਆ :- ਦੁਰਗਾ ਦੇਵੀ ਨੇ ਰਾਕਸ਼ਾਂ ਦੇ ਰਾਜੇ ਸੁੰਭ ਤੇ ਨਿਸੁੰਭ ਨੂੰ ਮਾਰ ਕੇ ਜਮਦੂਤ ਦੇ ਦੇਸ਼ ਵਿੱਚ ਭੇਜ ਦਿੱਤਾ ਅਤੇ ਇੰਦਰ ਨੂੰ ਰਾਜ - ਤਿਲਕ ਲਈ ਬੁਲਾਇਆ ਗਿਆ | ਰਾਜੇ ਇੰਦਰ ਦੇ ਸਿਰ ਉੱਪਰ ਰਾਜ - ਛਤਰ ਝੁਲਾਇਆ ਗਿਆ ਤੇ ਇਸ ਤਰ੍ਹਾਂ ਜਗਤ - ਮਾਤਾ ਦੁਰਗਾ ਦੇਵੀ ਦਾ ਜੱਸ ਚੌਦਾਂ ਲੋਕਾਂ ਵਿੱਚ ਗਾਇਆ ਗਿਆ । ਦੁਰਗਾ ਦਾ ਇਹ ਸਾਰਾ ਪਾਠ ਪਉੜੀਆਂ ਵਿੱਚ ਬਣਾਇਆ ਗਿਆ ਹੈ । ਜਿਹੜਾ ਇਸ ਪਾਠ ਦਾ ਗਾਇਨ ਕਰਦਾ ਹੈ , ਉਹ ਮੁੜ ਜੂਨਾਂ ਵਿੱਚ ਨਹੀਂ ਪੈਂਦਾ ਅਰਥਾਤ ਜਨਮ - ਮਰਨ ਤੋਂ ਮੁਕਤੀ ਪ੍ਰਾਪਤ ਕਰਦਾ ਹੈ ।

**ਪ੍ਰਸ਼ਨ 10. " ਚੰਡੀ ਦੀ ਵਾਰ" ਦਾ ਅੰਤ੍ਰੀਵ (ਕੇਂਦਰੀ)ਭਾਵ ਲਿਖੋ ।**

ਉੱਤਰ - **ਦੁਰਗਾ ਦੇਵੀ ਤੇ ਰਾਕਸ਼ਾਂ ਦੀ ਭਿਆਨਕ ਲੜਾਈ ਵਿੱਚ ਪਹਿਲਾਂ ਦੁਰਗਾ ਦੇਵੀ ਹੱਥੋਂ ਮਹਿਖਾਸੁਰ ਅਤੇ ਫਿਰ ਸੁੰਭ ਤੇ ਨਿਸੁੰਭ ਮਾਰੇ ਗਏ । ਰਾਕਸ਼ਾਂ ਉੱਪਰ ਜਿੱਤ ਪ੍ਰਾਪਤ ਕਰ ਕੇ ਦੁਰਗਾ ਨੇ ਦੇਵਤਿਆਂ ਦੇ ਰਾਜੇ ਇੰਦਰ ਦਾ ਰਾਜ ਅਭਿਸ਼ੇਕ ਕੀਤਾ, ਜਿਸ ਤੋਂ ਸਿੱਧ ਹੁੰਦਾ ਹੈ ਕਿ ਬਦੀ ਸਦਾ ਹਾਰਦੀ ਹੈ ਤੇ ਨੇਕੀ ਦੀ ਸਦਾ ਜਿੱਤ ਹੁੰਦੀ ਹੈ ।**

- **'ਚੰਡੀ ਦੀ ਵਾਰ' ਕਿਸ ਦੀ ਰਚਨਾ ਹੈ ?**
- **ਸ੍ਰੀ ਗੁਰੂ ਗੋਬਿੰਦ ਸਿੰਘ ਜੀ।**
- **' ਚੰਡੀ ਦੀ ਵਾਰ ' ਦੀ ਨਾਇਕਾ ਕੌਣ ਹੈ ?**
- **ਦੁਰਗਾ ਦੇਵੀ।**
- **ਪੂਛਲ ਵਾਲੇ ਤਾਰੇ ਦੀ ਬੋਦੀ ਦੇਖਣੀ ਕਾਹਦਾ ਪ੍ਰਤੀਕ ਹੈ ?**
- **ਬਦਸ਼ਗਨੀ ਦਾ।**
- **ਮੁੱਛਾਂ ਵਾਲੇ ਬੀਰ ਕੌਣ ਸਨ ?**
- **ਰਾਕਸ਼।**
- **ਸੁਰਪਤ ਕੌਣ ਸੀ ?**

- ਇੰਦਰ।
- ਕਿਹੜਾ ਪਾਠ ਕਰਨ ਵਾਲਾ ਜੂਨਾਂ ਵਿੱਚ ਨਹੀਂ ਪੈਂਦਾ ?
- 'ਚੰਡੀ ਦੀ ਵਾਰ ਦਾ'।
- ਵਾਰ ਵਿੱਚ ਜਗਤ-ਮਾਤਾ ਕਿਸਨੂੰ ਕਿਹਾ ਗਿਆ ਹੈ?
- ਦੁਰਗਾ ਦੇਵੀ ਨੂੰ।

ਤਿਆਰ ਕਰਤਾ :- ਰਜਵੰਤ ਕੌਰ {ਪੰਜਾਬੀ ਮਿਸਟ੍ਰੈਸ }

ਸ.ਸ.ਸ.ਸ.ਮਾਣੋਚਾਹਲ ਕਲਾਂ {ਤਰਨਤਾਰਨ }